Punjabi

# ਫੀਡਿੰਗ ਟਿਊਬ ਕੁਨੈਕਟਰ Feeding Tube Connectors

## ਹੋਮ ਟਿਊਬ ਫੀਡਿੰਗ ਵਾਲੇ ਗਾਹਕ ਅਤੇ ਪਰਿਵਾਰ ਦੇ ਮੈਂਬਰ ਧਿਆਨ ਦੇਣ

Attention: Home tube feeding clients and family members

ਫੀਡਿੰਗ ਟਿਊਬ ਦੇ ਕੁਨੈਕਟਰਾਂ ਬਾਰੇ ਨਵੇਂ ਮਾਪ (ਸਟੈਂਡਰਡ) ਬਣਾਏ ਗਏ ਹਨ। ਮਰੀਜ਼ਾਂ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਨਵੇਂ ਕੁਨੈਕਟਰ ਜਾਰੀ ਕੀਤੇ ਜਾਣਗੇ। ਨਵੇਂ ਕੁਨੈਕਟਰ ਉਹਨਾਂ ਮੈਡੀਕਲ ਯੰਤਰਾਂ ਨਾਲ ਜੁੜਨ ਤੋਂ ਰੋਕਥਾਮ ਕਰਨਗੇ ਜਿਹਨਾਂ ਨਾਲ ਜੁੜਨਾ ਨਹੀਂ ਚਾਹੀਦਾ।

ਨਵੇਂ ਕੁਨੈਕਟਰ ਵੱਖਰੇ ਵੱਖਰੇ ਪੜਾਵਾਂ ਵਿੱਚ ਹਸਪਤਾਲਾਂ, ਸੰਭਾਲ ਕਰਨ ਵਾਲੀਆਂ ਥਾਂਵਾਂ (ਕੇਅਰ ਫੈਸਿਲਟੀਜ਼) ਅਤੇ ਘਰਾਂ ਵਿੱਚ ਜਾਰੀ ਕੀਤੇ ਜਾਣਗੇ। ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਨਵੇਂ ਕੁਨੈਕਟਰ ਤੁਹਾਡੇ 'ਤੇ ਕਿਸ ਤਰ੍ਹਾਂ ਅਸਰ ਪਾਉਣਗੇ।

ਨਵੇਂ ਮਾਪ ਅੱਗੇ ਦਿੱਤਿਆ 'ਤੇ ਅਸਰ ਪਾਉਣਗੇ:

- ਫਾਰਮੂਲਾ ਦੇਣ ਵਾਲੇ ਫੀਡਿੰਗ ਸੈੱਟਾਂ 'ਤੇ
- ਫੀਡਿੰਗ ਟਿਊਬਾਂ 'ਤੇ
- ਟਿਊਬ ਨੂੰ ਧੋਣ ਵਾਲੀਆਂ, ਬੋਲਸ ਫੀਡਿੰਗ ਅਤੇ ਦਵਾਈ ਦੇਣ ਵਾਲੀਆਂ ਸਰਿੰਜਾਂ 'ਤੇ

### *ਹੁਣ*

ਪੜਾਅ 1,
ਮੌਜੂਦਾ ਕੁਨੈਕਸ਼ਨ



- ਮੌਜੂਦਾ ਸਾਰੇ ਫੀਡਿੰਗ ਸੈੱਟਾਂ ਵਿੱਚ "ਸਟੈੱਪਡ" ਕੁਨੈਕਟਰ ਹਨ।
- ਇਹ ਫੀਡਿੰਗ ਸੈੱਟ ਤੁਹਾਡੀ ਮੌਜੂਦਾ ਫੀਡਿੰਗ ਟਿਊਬ ਨਾਲ ਫਿੱਟ ਹੁੰਦੇ ਹਨ।

### *2015 ਦੀ ਬਸੰਤ**

ਪੜਾਅ 2,
ਮੌਜੂਦਾ ਕੁਨੈਕਸ਼ਨ



- ਸਾਰੇ ਫੀਡਿੰਗ ਸੈੱਟਾਂ ਦੇ ਨਵੇਂ ਕੁਨੈਕਟਰ ਹੋਣਗੇ।
- ਆਪਣੇ ਫੀਡਿੰਗ ਸੈੱਟ ਨੂੰ ਫੀਡਿੰਗ ਟਿਊਬ ਨਾਲ ਜੋੜਨ ਲਈ ਤੁਹਾਨੂੰ "ਸਟੈੱਪਡ" ਟ੍ਰਾਂਜੀਸ਼ਨ ਕੁਨੈਕਟਰ ਦੀ ਲੋੜ ਹੋਵੇਗੀ।
- ਟ੍ਰਾਂਜੀਸ਼ਨ ਕੁਨੈਕਟਰ ਫੀਡਿੰਗ ਸੈੱਟ ਵਾਲੇ ਪੈਕਜ ਵਿੱਚ ਹੀ ਹੋਵੇਗਾ।
- ਤੁਹਾਡੇ ਵਲੋਂ ਵਰਤੇ ਜਾਂਦੇ ਫੀਡਿੰਗ ਸੈੱਟ ਦੇ ਬ੍ਰਾਂਡ ਅਨੁਸਾਰ, ਟ੍ਰਾਂਜੀਸ਼ਨ ਕੁਨੈਕਟਰ ਫੀਡਿੰਗ ਸੈੱਟ ਨਾਲ ਲੱਗਾ ਹੋਇਆ ਹੋ ਸਕਦਾ ਹੈ, ਜਾਂ ਇਹ ਤੁਹਾਨੂੰ ਆਪ ਲਾਉਣਾ ਪੈ ਸਕਦਾ ਹੈ।

*ਤਰੀਕਾਂ ਬਦਲ ਸਕਦੀਆਂ ਹਨ।*

### *2015 ਦੇ ਅਖੀਰ 'ਤੇ*

ਪੜਾਅ 3,
ਮੌਜੂਦਾ ਕੁਨੈਕਸ਼ਨ



- ਸਾਰੇ ਫੀਡਿੰਗ ਸੈੱਟਾਂ ਦੇ ਨਵੇਂ ਕੁਨੈਕਟਰ ਹੋਣਗੇ।
- ਸਾਰੀਆਂ ਫੀਡਿੰਗ ਟਿਊਬਾਂ ਦੇ ਨਵੇਂ ਕੁਨੈਕਟਰ ਹੋਣਗੇ।
- ਤੁਹਾਨੂੰ ਟ੍ਰਾਂਜੀਸ਼ਨ ਕੁਨੈਕਟਰ ਦੀ ਲੋੜ ਨਹੀਂ ਹੋਵੇਗੀ।

*** ਨੋਟ:**
ਨਵੇਂ ਕੁਨੈਕਟਰ ਵਾਲੀਆਂ ਸਰਿੰਜਾਂ 2015 ਦੇ ਅੱਧ ਵਿੱਚ ਮਿਲ ਸਕਣਗੀਆਂ। ਤੁਹਾਨੂੰ ਉੱਨੀ ਦੇਰ ਤੱਕ ਨਵੀਂਆਂ ਸਰਿੰਜਾਂ ਦੀ ਲੋੜ ਨਹੀਂ ਹੋਵੇਗੀ, ਜਿੰਨੀ ਦੇਰ ਤੱਕ ਤੁਹਾਡਾ ਡਾਕਟਰ ਤੁਹਾਡੀ ਫੀਡਿੰਗ ਟਿਊਬ ਨੂੰ ਉਸ ਟਿਊਬ ਨਾਲ ਨਹੀਂ ਬਦਲ ਦਿੰਦਾ, ਜਿਹੜੀ ਨਵੇਂ ਕੁਨੈਕਟਰ ਦੀ ਵਰਤੋਂ ਕਰਦੀ ਹੈ (ਉੱਪਰ ਪੜਾਅ 3 ਦੇਖੋ)।

### ਤੁਸੀਂ ਹੁਣ ਕੀ ਕਰ ਸਕਦੇ ਹੋ:

1. ਆਪਣੇ ਫੀਡਿੰਗ ਟਿਊਬ ਸਪਲਾਇਰ ਤੋਂ ਪੁੱਛੋ ਕਿ ਤੁਹਾਨੂੰ ਨਵੇਂ ਕੁਨੈਕਟਰ ਵਾਲੇ ਫੀਡਿੰਗ ਸੈੱਟ ਅਤੇ ਸਰਿੰਜਾਂ ਕਦੋਂ ਕੁ ਤੱਕ ਮਿਲਣ ਦੀ ਉਮੀਦ ਰੱਖਣੀ ਚਾਹੀਦੀ ਹੈ। ਤਰੀਕਾਂ ਬਦਲ ਸਕਦੀਆਂ ਹਨ।
2. ਆਪਣੇ ਫੀਡਿੰਗ ਟਿਊਬ ਲਾਉਣ ਵਾਲੇ ਡਾਕਟਰ ਨੂੰ ਪੁੱਛੋ ਕਿ ਤੁਹਾਨੂੰ ਨਵੇਂ ਕੁਨੈਕਟਰ ਵਾਲੀ ਫੀਡਿੰਗ ਟਿਊਬ ਕਦੋਂ ਕੁ ਤੱਕ ਮਿਲਣ ਦੀ ਉਮੀਦ ਰੱਖਣੀ ਚਾਹੀਦੀ ਹੈ। ਤਰੀਕਾਂ ਬਦਲ ਸਕਦੀਆਂ ਹਨ।
3. ਹੋਰ ਜਾਣਕਾਰੀ ਲਈ ਅੱਗੇ ਦਿੱਤੇ ਵੈੱਬਸਾਈਟ ਦੇਖੋ:
   - ਜੀ ਈ ਡੀ ਐੱਸ ਏ (ਗਲੋਬਲ ਇਨਟੀਰਲ ਡਿਵਾਇਸ ਸਪਲਾਇਰ ਐਸੋਸੀਏਸ਼ਨ): ਸਟੇਅ ਕੁਨੈਕਟਡ 2015 www.stayconnected.org
   - ਦੀ ਓਲੇ ਫਾਊਂਡੇਸ਼ਨ: ਇਨਟੀਰਲ ਨਿਊਟਰੀਸ਼ਨ ਕੁਨੈਕਟਰਜ www.oley.org/EN_Connector_Articles.html

ਆਪਣੀ ਸਮੱਗਰੀ ਨੂੰ ਵਰਤਣ ਦੀ ਇਜਾਜ਼ਤ ਦੇਣ ਲਈ ਪ੍ਰੋਵੀਡੈਂਸ ਹੈਲਥ ਕੇਅਰ ਦਾ ਧੰਨਵਾਦ।



ਇਹ ਜਾਣਕਾਰੀ ਤੁਹਾਨੂੰ ਸਿਹਤ ਸੰਭਾਲ ਦੇਣ ਵਾਲੇ ਵਲੋਂ ਦਿੱਤੀ ਗਈ ਸਲਾਹ ਦਾ ਬਦਲ ਨਹੀਂ ਹੈ।

Catalogue # 264542 (February 2015) Punjabi
To order: https://patienteduc.fraserhealth.ca